# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਪੀ.ਆਰ.ਟੀ.ਸੀ. ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਸੰਗਰੂਰ ਡਿਪੂ ਤੇ ਬੱਸ ਅੱਡੇ ਦੀ ਅਚਨਚੇਤ ਚੈਕਿੰਗ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 25 ਅਪ੍ਰੈਲ:ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਅੱਜ ਸੰਗਰੂਰ ਡਿਪੂ ਅਤੇ ਸਥਾਨਕ ਬੱਸ ਅੱਡੇ ਦੀ ਅਚਾਨਕ ਚੈਕਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਡਿਪੂ ਦੇ ਕਰਮਚਾਰੀਆਂ ਨਾਲ ਸਮੁੱਚੀ ਕਾਰਗੁਜ਼ਾਰੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ, ਜਿਸ ਵਿੱਚ ਨਵੇਂ ਰੂਟਾਂ ਦੀ ਸ਼ੁਰੂਆਤ, ਰੋਜ਼ਾਨਾ ਆਮਦਨ ਅਤੇ ਕੇ.ਐੱਮ.ਪੀ.ਐੱਲ. ਕਿਲੋਮੀਟਰ ਪ੍ਰਤੀ ਲੀਟਰ ਦੀ ਸਥਿਤੀ ਸ਼ਾਮਲ ਰਹੀ। ਇਸ ਮੌਕੇ ਉਨ੍ਹਾਂ ਨੇ ਪ੍ਰਸ਼ਾਨਿਕ ਅਧਿਕਾਰੀਆਂ ਅਤੇ ਹੋਰ ਸਟਾਫ ਨੂੰ ਹੋਰ ਸੁਧਾਰ ਲਿਆਉਣ ਲਈ ਵੀ ਆਦੇਸ਼ ਦਿੱਤੇ।






ਚੇਅਰਮੈਨ ਨੇ ਸਵਾਰੀਆਂ, ਕੰਡਕਟਰਾਂ ਤੇ ਡਰਾਈਵਰਾਂ ਨਾਲ ਸਿੱਧੀ ਗੱਲਬਾਤ ਵੀ ਕੀਤੀ। ਉਨ੍ਹਾਂ ਨੇ ਚੈਕਿੰਗ ਦੌਰਾਨ ਸੰਗਰੂਰ ਬੱਸ ਅੱਡੇ ਵਿੱਚ ਸਾਫ-ਸਫਾਈ ਦੇ ਪ੍ਰਬੰਧਾਂ, ਵਾਸ਼ਰੂਮਾਂ ਦੀ ਸਥਿਤੀ ਅਤੇ ਬੱਸਾਂ ਦੀ ਹਾਲਤ ਦਾ ਜਾਇਜ਼ਾ ਲਿਆ।

ਚੇਅਰਮੈਨ ਹਰਪਾਲ ਜੁਨੇਜਾ ਨੇ ਦੱਸਿਆ ਕਿ ਯਾਤਰੀਆਂ ਨੂੰ ਸੁਵਿਧਾਜਨਕ, ਸੁਰੱਖਿਅਤ ਅਤੇ ਸਮੇਂ ਸਿਰ ਸੇਵਾਵਾਂ ਪ੍ਰਦਾਨ ਕਰਨਾ ਪੀ.ਆਰ.ਟੀ.ਸੀ. ਦੀ ਮੁੱਖ ਪਹਿਲ ਹੈ। ਉਨ੍ਹਾਂ ਕਿਹਾ ਕਿ ਸਟਾਫ ਦੇ ਸਬੰਧਤ ਕਰਮਚਾਰੀਆਂ ਨੂੰ ਬੱਸਾਂ ਦੀ ਮੁਰੰਮਤ, ਸਮੇਂ ਦੀ ਪਾਬੰਦੀ ਅਤੇ ਸਫਾਈ ਪ੍ਰਬੰਧਾਂ 'ਤੇ ਖਾਸ ਧਿਆਨ ਦੇਣ ਤੇ ਜ਼ੋਰ ਨਾਲ ਕਿਹਾ ਗਿਆ ਹੈ। ਇਸ ਤੋਂ ਇਲਾਵਾ ਸਟਾਫ ਨੂੰ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਜਨਤਾ ਵੱਲੋ ਪ੍ਰਾਪਤ ਲਿਖਤੀ ਜਾਂ ਜ਼ੁਬਾਨੀ ਸ਼ਿਕਾਇਤਾਂ ਦਾ ਵੀ ਤੁਰੰਤ ਤੋਰ ਤੇ ਹੱਲ ਕੀਤਾ ਜਾਵੇ। ਚੇਅਰਮੈਨ ਨੇ ਇਸੇ ਦੌਰਾਨ ਵੱਖ-ਵੱਖ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ।

ਉਨ੍ਹਾਂ ਨੇ ਯਕੀਨ ਦਵਾਇਆ ਕਿ ਪੀ.ਆਰ.ਟੀ.ਸੀ. ਦੀ ਕਾਰਗੁਜ਼ਾਰੀ ਵਿੱਚ ਨਿਰੰਤਰ ਸੁਧਾਰ ਲਈ ਇਸ ਤਰ੍ਹਾਂ ਦੀਆਂ ਅਚਾਨਕ ਚੈਕਿੰਗਾਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ।

ਇਸ ਦੌਰਾਨ ਜਨਰਲ ਮੈਨੇਜਰ ਪਟਿਆਲਾ ਜਤਿੰਦਰਪਾਲ ਗਰੇਵਾਲ ਅਤੇ ਜਨਰਲ ਮੈਨੇਜਰ ਸੰਗਰੂਰ ਮਨਿੰਦਰਪਾਲ ਸਿੱਧੂ ਅਤੇ ਹੋਰ ਸਟਾਫ ਮੈਂਬਰਜ਼ ਵੀ ਮੌਜੂਦ ਰਹੇ।

ਫੋਟੋ – ਚੈਕਿੰਗ ਦੌਰਾਨ ਹਰਪਾਲ ਜੁਨੇਜਾ ਅਤੇ ਹੋਰ ਅਧਿਕਾਰੀ , ਮੀਟਿੰਗ ਦੌਰਾਨ ਹਰਪਾਲ ਜੁਨੇਜਾ ਅਤੇ ਹੋਰ ਅਧਿਕਾਰੀ

## ਪੀ.ਏ.ਯੂ. ਵਿਚ ਵਿਸ਼ਵ ਪੁਸਤਕ ਅਤੇ ਕਾਪੀਰਾਈਟ ਦਿਹਾੜਾ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 25 ਅਪ੍ਰੈਲ : ਪੀ.ਏ.ਯੂ. ਦੀ ਮਹਿੰਦਰ ਸਿੰਘ ਰੰਧਾਵਾ ਲਾਇਬ੍ਰੇਰੀ ਦੇ ਸਮੁੱਚੇ ਅਮਲੇ ਨੇ ਜੋਸ਼ ਖਰੋਸ਼ ਨਾਲ ਵਿਸ਼ਵ ਪੁਸਤਕ ਅਤੇ ਕਾਪੀਰਾਈਟ ਦਿਹਾੜਾ ਮਨਾਇਆ| ਵਿਦਿਆਰਥੀ ਭਵਨ ਦੇ ਸ਼ਹੀਦ ਭਗਤ ਸਿੰਘ ਆਡੀਟੋਰੀਅਮ ਵਿਚ ਇਸ ਮੌਕੇ ਵਿਦਿਆਰਥੀਆਂ ਦੇ ਸਿਰਜਣ ਮੁਕਾਬਲੇ ਵੀ ਕਰਵਾਏ ਗਏ| ਡਾ. ਸਤਿਬੀਰ ਸਿੰਘ ਗੋਸਲ ਵਾਈਸ ਚਾਂਸਲਰ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ| ਡਾ. ਗੋਸਲ ਨੇ ਕਿਹਾ ਕਿ ਭਾਵੇਂ ਅੱਜ ਦਾ ਯੁੱਗ ਡਿਜ਼ੀਟਲ ਸੂਚਨਾ ਤਕਨਾਲੋਜੀ ਵਿਚ ਤਬਦੀਲ ਹੋਇਆ ਹੈ ਪਰ ਕਿਤਾਬਾਂ ਅੱਜ ਵੀ ਮਨੁੱਖ ਦੀਆਂ ਸਭ ਤੋਂ ਨੇੜੇ ਦੀਆਂ ਸਾਥੀ ਹਨ| ਡਾ. ਗੋਸਲ ਨੇ ਕਿਹਾ ਕਿ ਮਨੁੱਖ ਨੇ ਮਨੁੱਖ ਹੋਣ ਦੇ ਸਫਰ ਵਿਚ ਜਿਹੜੀਆਂ ਸਭ ਤੋਂ ਅਹਿਮ ਖੋਜਾਂ ਕੀਤੀਆਂ ਉਹਨਾਂ ਵਿਚ ਕਿਤਾਬ ਸਭ ਤੋਂ ਪ੍ਰਮੁੱਖ ਹੈ| ਡਾ. ਗੋਸਲ ਨੇ ਵਿਦਿਆਰਥੀਆਂ ਨੂੰ ਸੁਝਾਅ ਦਿੱਤੇ ਕਿ ਉਹ ਜ਼ਿੰਦਗੀ ਦੇ ਤਨਾਵਾਂ ਅਤੇ ਫਿਕਰਾਂ ਤੋਂ ਮੁਕਤੀ ਲਈ ਪੜ੍ਹਨ ਨੂੰ ਆਪਣੀ ਪੱਕੀ ਆਦਤ ਬਣਾ ਲੈਣ|


ਪੀ.ਏ.ਯੂ. ਦੇ ਸਾਬਕਾ ਪਸਾਰ ਮਾਹਿਰ ਅਤੇ ਵਧੀਕ ਨਿਰਦੇਸ਼ਕ ਸੰਚਾਰ ਡਾ. ਰਣਜੀਤ ਸਿੰਘ ਅਤੇ ਜ਼ਿਲ੍ਹਾ ਭਾਸ਼ਾ ਅਫਸਰ ਡਾ. ਸੰਦੀਪ ਸ਼ਰਮਾ ਇਸ ਸਮਾਰੋਹ ਵਿਚ ਮੁੱਖ ਵਕਤਿਆਂ ਵਜੋਂ ਸ਼ਾਮਿਲ ਹੋਏ| ਡਾ. ਸੰਦੀਪ ਸ਼ਰਮਾ ਨੇ ਕਿਤਾਬ ਦੀ ਕਲਪਣਾ ਤੋਂ ਲੈ ਕੇ ਲਿਖਣ ਅਤੇ ਪ੍ਰਕਾਸ਼ਨ ਤੱਕ ਦੇ ਸਮੁੱਚੇ ਪੜਾਅ ਸਾਂਝੇ ਕੀਤੇ| ਉਹਨਾਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਲਗਾਤਾਰ ਸ਼ਖ਼ਸੀ ਵਿਕਾਸ ਲਈ ਪੜ੍ਹਦੇ ਰਹਿਣਾ ਚਾਹੀਦਾ ਹੈ| ਡਾ. ਰਣਜੀਤ ਸਿੰਘ ਨੇ ਅਧਿਐਨ ਦੇ ਮਾਮਲੇ ਵਿਚ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਤਾਬਾਂ ਪੜ੍ਹਨ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ| ਇਸ ਮੌਕੇ ਡਾ. ਰਣਜੀਤ ਸਿੰਘ ਵੱਲੋਂ ਲਿਖੀ ਕਿਤਾਬ 'ਕੋਈ ਨਾਉਂ ਨਾ ਜਾਣੇ ਮੇਰਾ' ਰਿਲੀਜ਼ ਕੀਤੀ ਗਈ|

ਸਵਾਗਤ ਦੇ ਸ਼ਬਦ ਯੂਨੀਵਰਸਿਟੀ ਦੇ ਲਾਇਬ੍ਰੇਰੀਅਨ ਡਾ. ਯੋਗਿਤਾ ਸ਼ਰਮਾ ਨੇ ਬੋਲੇ| ਡਾ. ਯੋਗਿਤਾ ਨੇ ਇਸ ਆਯੋਜਨ ਦਾ ਉਦੇਸ਼ ਵਿਦਿਆਰਥੀਆਂ ਵਿਚ ਕਿਤਾਬਾਂ ਪੜ੍ਹਨ ਦੀ ਰੁਚੀ ਨੂੰ ਬਲ ਦੇਣਾ ਅਤੇ ਬੌਧਿਕ ਸੰਪਤੀ ਉੱਪਰ ਮਾਣ ਕਰਨ ਅਤੇ ਕਾਪੀਰਾਈਟ ਬਾਰੇ ਵਿਦਿਆਰਥੀਆਂ ਨੂੰ ਸੁਚੇਤ ਕਰਨਾ ਕਿਹਾ|

ਇਸ ਮੌਕੇ ਸਲੋਗਨ ਲਿਖਣ ਦੇ ਮੁਕਾਬਲੇ ਵਿਚ ਭੂਮੀ ਵਿਗਿਆਨ ਵਿਭਾਗ ਦੀ ਮੋਲਦੀਪ ਕੌਰ, ਖੇਤੀ ਬਾਇਓਤਕਨਾਲੋਜੀ ਸਕੂਲ ਦੀ ਇਰਸ਼ੀਨ ਕੌਰ ਅਤੇ ਭੂਮੀ ਵਿਗਿਆਨ ਵਿਭਾਗ ਦੇ ਹਰਕੀਰਤ ਸਿੰਘ ਨੇ ਕ੍ਰਮਵਾਰ ਤਿੰਨ ਇਨਾਮ ਹਾਸਲ ਕੀਤੇ| ਪੁਸਤਕ ਦੇ ਸਰਵਰਕ ਡਿਜ਼ਾਇਨ ਕਰਨ ਦੇ ਮੁਕਾਬਲੇ ਵਿਚ ਕਮਿਊਨਟੀ ਸਾਇੰਸ ਕਾਲਜ ਦੀ ਸੁਨੇਹਾ ਗੁਪਤਾ ਨੂੰ ਪਹਿਲਾ, ਬੇਸਿਕ ਸਾਇੰਸਜ਼ ਕਾਲਜ ਦੀ ਅਸ਼ਿਤਾ ਨੂੰ ਦੂਜਾ ਅਤੇ ਬੇਸਿਕ ਸਾਇੰਸਜ਼ ਕਾਲਜ ਦੀ ਗੁਰਲੀਨ ਕੌਰ ਨੂੰ ਤੀਸਰਾ ਸਥਾਨ ਪ੍ਰਾਪਤ ਹੋਇਆ|

## ਮਿਲੇਨੀਅਮ ਸਕੂਲ ਨੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਖੇਤੀਬਾੜੀ ਨਾਲ ਸਬੰਧਤ ਗਤੀਵਿਧੀ ਦਾ ਆਯੋਜਨ ਕੀਤਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 25 ਅਪ੍ਰੈਰਲ : ਮੋਗਾ-ਕੋਟਕਪੂਰਾ ਜੀ.ਟੀ. ਰੋਡ 'ਤੇ ਪਿੰਡ ਪੰਜਗਰਾਈ ਕਲਾਂ ਦੇ ਨੇੜੇ ਸਥਿਤ ਇੰਟਰਨੈਸ਼ਨਲ ਮਿਲੇਨੀਅਮ ਸਕੂਲ, ਕੋਟਕਪੂਰਾ ਨੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਖੇਤੀਬਾੜੀ ਨਾਲ ਸਬੰਧਤ ਗਤੀਵਿਧੀ ਦਾ ਆਯੋਜਨ ਕੀਤਾ। ਸਕੂਲ ਦੇ ਚੇਅਰਮੈਨ ਵਾਸੂ ਸ਼ਰਮਾ, ਡਾਇਰੈਕਟਰ ਸੀਮਾ ਸ਼ਰਮਾ, ਚੇਅਰਪਰਸਨ ਰਕਸ਼ੰਦਾ ਸ਼ਰਮਾ, ਡਾਇਰੈਕਟਰ ਅਕਾਦਮਿਕ ਵਿਨੋਦ ਵਰਮਾ ਅਤੇ ਪ੍ਰਿੰਸੀਪਲ ਨੀਲਮ ਵਰਮਾ ਨੇ ਇਸ ਮੌਕੇ 'ਤੇ ਕਿਹਾ ਇਸ ਗਤੀਵਿਧੀ ਦਾ ਮੁੱਖ ਉਦੇਸ਼ ਬੱਚਿਆਂ ਨੂੰ ਪ੍ਰੈਕਟੀਕਲ ਤਜਰਬੇ ਰਾਹੀਂ ਖੇਤੀਬਾੜੀ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਸੀ। ਇਸ ਦੌਰਾਨ ਵਿਦਿਆਰਥੀਆਂ ਨੇ ਖੁਦ ਮਿੱਟੀ ਵਿੱਚ ਬੀਜ ਬੀਜੇ, ਪੌਦਿਆਂ ਦੀ ਸੰਭਾਲ ਕੀਤੀ ਅਤੇ ਖੇਤੀਬਾੜੀ ਦੇ ਮੁੱਢਲੇ ਸਿਧਾਂਤਾਂ ਬਾਰੇ ਸਿੱਖਿਆ ਪ੍ਰਾਪਤ ਕੀਤੀ। ਅਧਿਆਪਕਾਂ ਵੱਲੋਂ ਬੱਚਿਆਂ ਨੂੰ ਪ੍ਰਾਕ੍ਰਿਤਿਕ ਸਰੋਤਾਂ ਦੀ ਸੰਭਾਲ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਬਾਰੇ ਵੀ ਜਾਗਰੂਕ ਕੀਤਾ ਗਿਆ। ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਵਿੱਚ ਪ੍ਰੈਕਟੀਕਲ ਗਿਆਨ, ਸਹਿਯੋਗ ਅਤੇ ਪ੍ਰਕਿਰਤੀ ਨਾਲ ਜੁੜਾਅ ਵਧਦਾ ਹੈ। ਬੱਚਿਆਂ ਨੇ ਇਸ ਗਤੀਵਿਧੀ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਇਸ ਨੂੰ ਇੱਕ ਯਾਦਗਾਰ ਅਨੁਭਵ ਦੱਸਿਆ। ਸਕੂਲ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਿੱਖਿਆਤਮਕ ਅਤੇ ਪ੍ਰਯੋਗਾਤਮਕ ਗਤੀਵਿਧੀਆਂ ਜਾਰੀ ਰੱਖਣ ਦਾ ਵਿਸ਼ਵਾਸ ਜਤਾਇਆ ਗਿਆ।

## "ਗੁਜਰਾਂਵਾਲਾ ਦ ਫਾਊਂਡੇਸ਼ਨ ਲੈਂਡ ਆਫ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ" ਕਿਤਾਬ ਲੁਧਿਆਣਾ ਵਿੱਚ ਲੋਕ ਅਰਪਣ ।

### ਸਮਾਗਮ ਦੀ ਪ੍ਰਧਾਨਗੀ ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਸ. ਰਾਜਿੰਦਰ ਸਿੰਘ ਚੀਮਾ ਨੇ ਕੀਤੀ।

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 25 ਅਪ੍ਰੈਲ : ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਤੇ ਡਾ. ਮਨਦੀਪ ਕੌਰ ਰੰਧਾਵਾ ਅਸਿਸਟੈਂਟ ਪ੍ਰੋਫੈਸਰ ਗੁਜਰਾਂਵਾਲਾ ਖਾਲਸਾ ਕਾਲਜ ਵੱਲੋਂ ਲਿਖੀ ਗਈ ਪੁਸਤਕ "ਗੁਜਰਾਂਵਾਲਾ ਦ ਫਾਊਂਡੇਸ਼ਨ ਲੈਂਡ ਆਫ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ" ਨੂੰ ਅੱਜ ਲੋਕ ਅਰਪਣ ਕੀਤਾ ਗਿਆ। ਪ੍ਰਧਾਨਗੀ ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਸ. ਰਾਜਿੰਦਰ ਸਿੰਘ ਚੀਮਾ ਸਾਬਕਾ ਐਡਵੋਕੇਟ ਜਨਰਲ ਪੰਜਾਬ ਚੰਡੀਗੜ੍ਹ ਨੇ ਕੀਤੀ। ਸ. ਚਰਨਜੀਤ ਸਿੰਘ ਅਟਵਾਲ ਸਾਬਕਾ ਡਿਪਟੀ ਸਪੀਕਰ ਲੋਕ ਸਭਾ, ਪ੍ਰੋ. ਸਰਬਜੋਤ ਸਿੰਘ ਬਹਿਲ ਚੇਅਰਮੈਨ ਹਿਮਾਚਲ ਪ੍ਰਦੇਸ਼ ਉਚੇਰੀ ਸਿੱਖਿਆ ਬੋਰਡ,, ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ ,ਪੰਜਾਬੀ ਲੋਕ ਵਿਰਾਸਤ ਅਕੈਡਮੀ, ਲੁਧਿਆਣਾ, ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।



ਪ੍ਰੋਗਰਾਮ ਦੇ ਆਰੰਭ ਵਿੱਚ ਡਾ. ਸ. ਪ. ਸਿੰਘ, ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰਧਾਨ, ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ, ਲੁਧਿਆਣਾ ਨੇ ਆਏ ਹੋਏ ਮਹਿਮਾਨਾਂ ਨੂੰ ਰਸਮੀ ਤੌਰ ਤੇ ਜੀ ਆਇਆਂ ਕਿਹਾ। ਉਨਾਂ ਦੱਸਿਆ ਕਿ ਇਸ ਪੁਸਤਕ ਦੀ ਪਰਿਕਲਪਨਾ ਉਨਾਂ ਨੇ 2020 ਵਿੱਚ ਇਹ ਸੋਚ ਕੇ ਕੀਤੀ ਕਿ ਗੁਜਰਾਂਵਾਲਾ ਦੇ ਜੰਮਪਲ ਕੌਂਸਲ ਦੇ ਮੈਂਬਰ ਜਦ ਸਰੀਰਕ ਤੌਰ ਤੇ ਇਸ ਧਰਤੀ ਤੇ ਨਹੀਂ ਹੋਣਗੇ ਤਾਂ ਫਿਰ ਇਹ ਪੁਰਾਣੀਆਂ ਯਾਦਾਂ ਤੇ ਵਿਰਾਸਤ ਦਸਤਾਵੇਜ਼ੀ ਰੂਪ ਵਿੱਚ ਯਾਦਾਂ ਅੰਦਰ ਸੰਭਾਲਣੀ ਮੁਸ਼ਕਲ ਹੋਵੇਗੀ। ਉਨਾਂ ਨੇ ਪੁਸਤਕ ਰੂਪ ਵਿੱਚ ਇਸ ਵਿਰਾਸਤ ਨੂੰ ਸਾਂਭਣ ਦਾ ਸੁਪਨਾ ਦੇਖਿਆ। ਕੌਂਸਲ ਦੇ ਆਨਰੇਰੀ ਜਨਰਲ ਸਕੱਤਰ ਸ. ਹਰਸ਼ਰਨ ਸਿੰਘ ਨਰੂਲਾ ਤੇ ਸਮੂਹ ਮੈਂਬਰਾਂ ਨੇ ਬੜੀ ਹੀ ਤਨਦੇਹੀ ਨਾਲ ਇਸ ਪੁਸਤਕ ਦੀ ਪ੍ਰਕਾਸ਼ਨਾ ਤੱਕ ਮਹੱਤਵਪੂਰਨ ਜ਼ਿੰਮੇਵਾਰੀ ਨਿਭਾਈ।

ਸ. ਰਾਜਿੰਦਰ ਸਿੰਘ ਚੀਮਾ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕੌਂਸਲ ਤੇ ਲੇਖਕਾ ਡਾ. ਮਨਦੀਪ ਕੌਰ ਰੰਧਾਵਾ ਨੂੰ ਇਸ ਪੁਸਤਕ ਲਈ ਵਧਾਈ ਦਿੱਤੀ ਉਹਨਾਂ ਨੇ ਇਸ ਸੰਸਥਾ ਬਾਰੇ ਬੋਲਦਿਆਂ ਕਿਹਾ ਕਿ ਉਹ ਬਾਵਾ ਹਰਕਿਸ਼ਨ ਸਿੰਘ 21 ਸਾਲ ਇਸ ਸੰਸਥਾ ਦੇ ਮੁਖੀ ਰਹੇ। ਉਨਾਂ ਨੇ ਬਾਵਾ ਹਰਿਕ੍ਰਿਸ਼ਨ ਸਿੰਘ ਦੀ ਵਿਭਿੰਨ ਖੇਤਰਾਂ ਵਿੱਚ ਬਹੁਪੱਖੀ ਦੇਣ ਬਾਰੇ ਵੀ ਵਿਸ਼ੇਸ਼ ਪੁਸਤਕ ਲਿਖਵਾਉਣ ਦਾ ਸੁਝਾਅ ਦਿੱਤਾ। ਉਨਾਂ ਨੇ ਗੁੱਜਰਾਂ ਵਾਲਾ ਦੇ ਜੰਮਪਲ ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ ਦੇ ਸ਼ਾਨਦਾਰ ਸ਼ਾਸਨ ਕਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੰਮੇ ਸ਼ਾਸਨ ਕਾਲ ਵਿੱਚ ਇੱਕ ਵੀ ਆਦਮੀ ਨੂੰ ਫਾਂਸੀ ਨਾ ਦੇਣਾ ਬਹੁਤ ਕੱਡੀ ਗੱਲ ਹੈ। ਪ੍ਰੋ. ਸਰਬਜੋਤ ਸਿੰਘ ਬਹਿਲ ਨੇ ਇਸ ਮੌਕੇ ਕਿਹਾ ਕਿ ਇਹ ਪੁਸਤਕ ਗੁਜਰਾਂਵਾਲਾ ਨਾਲ ਸੰਬੰਧਿਤ ਇੱਕ ਮਹੱਤਵਪੂਰਨ ਦਸਤਾਵੇਜ ਹੈ। ਜਿਹੜਾ ਸਾਨੂੰ ਸਾਡੇ ਮਾਣਮੱਤੇ ਅਤੀਤ ਨਾਲ ਜੋੜਦਾ ਹੈ। ਉਨਾਂ ਨੇ ਕਿਹਾ ਕਿ ਜਿਹੜੀਆਂ ਕੌਮਾਂ ਦੇ ਲੋਕ ਆਪਣੇ ਅਤੀਤ ਨਾਲੋਂ, ਆਪਣੇ ਇਤਿਹਾਸ ਨਾਲੋਂ ਟੁੱਟ ਜਾਂਦੇ ਹਨ ਉਨਾਂ ਦਾ ਭਵਿੱਖ ਵੀ ਬਹੁਤਾ ਸ਼ਾਨਦਾਰ ਨਹੀਂ ਹੁੰਦਾ। ਇਸ ਸਮੇਂ ਉਨਾਂ ਨੇ ਆਪਣੀ ਚਰਚਿਤ ਕਵਿਤਾ "ਮੈਂ ਗੁਜਰਾਂਵਾਲਾ ਛੋੜ ਆਇਆ ਹੂੰ" ਵੀ ਸਰੋਤਿਆਂ ਨਾਲ ਸਾਂਝੀ ਕੀਤੀ।

ਕਾਲਿਜ ਦੇ ਪੁਰਾਣੇ ਵਿਦਿਆਰਥੀ ਤੇ ਭਾਰਤੀ ਲੋਕ ਸਭਾ ਦੇ ਡਿਪਟੀ ਸਪੀਕਰ ਰਹੇ ਸ. ਚਰਨਜੀਤ ਸਿੰਘ ਅਟਵਾਲ ਨੇ ਇਸ ਮੌਕੇ ਆਪਣੀ ਜਨਮਭੂਮੀ ਮਿੰਟਗੁਮਰੀ ਨਾਲ ਜੁੜੀਆਂ ਭਾਵਨਾਤਮਕ ਯਾਦਾਂ ਸਾਂਝੀਆਂ ਕੀਤੀਆਂ। ਉਨਾਂ ਨੇ ਕਿਹਾ ਕਿ ਸਿੱਖ ਕੌਮ ਦੀ ਪਹਿਲੀ ਰਾਜਧਾਨੀ ਗੁਜਰਾਂਵਾਲਾ ਹੀ ਰਹੀ ਹੈ। ਚਰਨਜੀਤ ਸਿੰਘ ਅਟਵਾਲ ਨੇ ਸਿੱਖਿਆ ਤੇ ਵਿਕਾਸ ਦੇ ਹਰ ਵਰਗ ਲਈ ਬਰਾਬਰ ਮੌਕਿਆਂ ਦੀ ਵਕਾਲਤ ਕਰਦਿਆਂ ਕਿਹਾ ਕਿ ਇਸ ਮਹਾਨ ਸੰਸਥਾ ਸਦਕਾ ਹੀ ਮੈਂ ਵਿਸ਼ਵ ਪਾਰਲੀਮੈਟ ਦੀਆਂ ਪੌੜੀਆਂ ਚੜ੍ਹ ਸਕਿਆ।

ਕਾਲਿਜ ਦੇ ਪੁਰਾਣੇ ਵਿਦਿਆਰਥੀ ਤੇ ਉੱਘੇ ਪੰਜਾਬੀ ਲੇਖਕ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਦੇ ਵੱਡੇ ਵੀਰ ਕਰਨਲ ਹਰਬੰਸ ਸਿੰਘ ਵੜੈਚ, ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ,ਜੀਜਾ ਜੀ ਸ. ਜੋਗਿੰਦਰ ਸਿੰਘ ਚੀਮਾ ਤੇ ਮੇਰੀ ਪਤਨੀ ਦੇ ਵੱਡੇ ਵੀਰ ਸ. ਦਰਸ਼ਨ ਸਿੰਘ ਨੱਤ 1947 ਤੋਂ ਪਹਿਲਾਂ ਇਸ ਕਾਲਿਜ ਦੇ ਵਿਦਿਆਰਥੀ ਰਹੇ ਹਨ। ਇਹ ਸਾਡੇ ਲਈ ਮਾਣ ਨਾਲੀ ਗੱਲ ਹੈ। ਮੇਰੇ ਵੱਡੇ ਵੀਰ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ, ਮੈਂ ਖ਼ੁਦ, ਮੇਰੇ ਦੋ ਭਤੀਜੇ ਤੇ ਪੁੱਤਰ ਵੀ ਇਸੇ ਕਾਲਿਜ ਵਿੱਚ ਦੇਸ਼ ਵੰਡ ਉਪਰੰਤ ਪੜ੍ਹਿਆ ਹੈ। ਇਸ ਮੌਕੇ ਉਨ੍ਹਾਂ 1917 ਵਿੱਚ ਕਾਲਿਜ ਦਾ ਨੀਂਹ ਪੱਥਰ ਰੱਖਣ ਵਾਲੇ ਸੰਤ ਅਤਰ ਸਿੰਘ,ਪ੍ਰਿੰਸੀਪਲ ਰਹੇ ਸੰਤ ਤੇਜਾ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ਤੇ ਅਧਿਆਪਕ ਗੁਰਮਤਿ ਮਾਰਤੰਡ ਪ੍ਰੋ. ਸਾਹਿਬ ਸਿੰਘ ਵਰਗੀਆਂ ਨਾਮਵਰ ਸ਼ਖ਼ਸ਼ੀਅਤਾਂ ਨੂੰ ਅਕੀਦਤ ਦੇ ਫੁੱਲ ਭੇਂਟ ਕੀਤੇ। ਉਨਾਂ ਕਿਹਾ ਕਿ ਇਹ ਧਰਤੀ ਮਹਾਰਾਜਾ ਰਣਜੀਤ ਸਿੰਘ ਵਰਗੇ ਯੋਧਿਆਂ, ਕਵੀ ਕਾਦਰਯਾਰ, ਪੰਡਿਤ ਮਾਨ ਸਿੰਘ ਕਾਲੀਦਾਸ ਗੁੱਜਰਾਂ ਵਾਲੀਆ ਤੇ ਸਿਰਮੌਰ ਕਵਿੱਤਰੀ ਅੰਮ੍ਰਿਤਾ ਪ੍ਰੀਤਮ , ਮਹਾਂਰਾਣੀ ਜਿੰਦਾਂ ਦੀ ਜਨਮ-ਧਰਤੀ ਹੈ।

ਉਨ੍ਹਾਂ ਇਸ ਕਿਤਾਬ ਦੇ ਲਿਖਣ ਵਿੱਚ ਪਾਕਿਸਤਾਨ ਦੇ ਸਿਰਕੱਢ ਲੇਖਕ ਇਕਬਾਲ ਕੈਸਰ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਪੁਸਤਕ ਦੀ ਲੇਖਕਾ ਡਾ. ਮਨਦੀਪ ਕੌਰ ਰੰਧਾਵਾ ਨੇ ਇਸ ਪੁਸਤਕ ਸਿਰਜਣਾ ਨਾਲ ਜੁੜੇ ਆਪਣੇ ਅਨੁਭਵ, ਪੁਸਤਕ ਦੀ ਸਮੱਗਰੀ ਤੇ ਇਸਦੇ ਵਿਭਿੰਨ ਪੱਖਾਂ ਬਾਰੇ ਸਰੋਤਿਆਂ ਨੂੰ ਜਾਣਕਾਰੀ ਦਿੱਤੀ।

ਪ੍ਰੋਫੈਸਰ ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ.ਜੀ.ਐਨ.ਆਈ.ਐਮ.ਟੀ. ਨੇ ਅਖੀਰ ਤੇ ਸਭ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ ਤੇ ਸਟੇਜ ਦਾ ਸੰਚਾਲਨ ਵੀ ਕੀਤਾ। ਇਸ ਸਮੇਂ ਉੱਘੇ ਵਿਦਵਾਨ ਡਾ. ਅਨੁਰਾਗ ਸਿੰਘ, ਗੁਜਰਾਂਵਾਲਾ ਦੇ ਸਮਰੱਥ ਭਿੰਡਰ ਪਰਿਵਾਰ ਦੇ ਪ੍ਰਤੀਨਿਧ ਸ, ਰੀਤਿੰਦਰ ਸਿੰਘ ਭਿੰਡਰ,ਗੁਜਰਾਂਵਾਲਾ ਗੁਰੂ ਨਾਨਕ ਐਜੂਕੇਸ਼ਨਲ ਕੌਂਸਲ ਦੇ ਮੈਂਬਰਾਂ ਸ. ਹਰਦੀਪ ਸਿੰਘ, ਸ. ਕੁਲਜੀਤ ਸਿੰਘ, ਸ. ਅਰਵਿੰਦਰ ਸਿੰਘ , ਸ. ਅਰਵਿੰਦਰਪਾਲ ਸਿੰਘ ਗਿਆਨ, ਸ. ਤੇਜਬੀਰ ਸਿੰਘ ਚਾਵਲਾ, ਸ. ਸੁਖਬੀਰ ਸਿੰਘ ਨਰੂਲਾ, ਸ. ਸੰਦੀਪ ਸਿੰਘ ਨਰੂਲਾ, ਸ. ਗੁਰਪ੍ਰੀਤ ਸਿੰਘ ਨਰੂਲਾ, ਸ. ਤਜਿੰਦਰ ਸਿੰਘ ਭੁਟਾਨੀ, ਸ .ਬਲਜੀਤ ਸਿੰਘ ਬਿੰਦਰਾ ਤੋਂ ਇਲਾਵਾ ਕੌਂਸਲ ਦੇ ਅਧੀਨ ਚੱਲ ਰਹੀਆਂ ਪੰਜ ਸੰਸਥਾਵਾਂ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਮਲਹੋਤਰਾ, ਪ੍ਰਿੰਸੀਪਲ ਗੁਣਮੀਤ ਕੌਰ, ਪ੍ਰਿੰਸੀਪਲ ਸ਼ਿਖਾ ਸਹਿਜਪਾਲ, ਪ੍ਰਿੰਸੀਪਲ ਪਰਵਿੰਦਰ ਸਿੰਘ ਤੇ ਡਾ. ਹਰਪ੍ਰੀਤ ਸਿੰਘ ਅਤੇ ਸਮੂਹ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਰਹੇ।

## ਡੀ.ਸੀ.ਐਮ. ਸਕੂਲ ਦੇ ਬੱਚਿਆਂ ਨੇ ਵੰਨ-ਸਵੰਨੇ ਬੂਟੇ ਲਾ ਕੇ ਮਨਾਇਆ ਵਰਲਡ ਅਰਥ ਡੇ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 25 ਅਪ੍ਰੈਰਲ : ਵਰਲਡ ਆਰਥ ਡੇ ਮੌਕੇ ਸਥਾਨਕ ਬਾਹਮਣਵਾਲਾ ਸੜਕ 'ਤੇ ਸਥਿੱਤ ਡੀ.ਸੀ.ਐਮ. ਇੰਟਰਨੈਸ਼ਨਲ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਬੱਚਿਆਂ ਵੱਲੋਂ ਇਸ ਦਿਵਸ ਸਬੰਧਤ ਭਾਸ਼ਣ ਪੇਸ਼ ਕੀਤਾ ਗਿਆ, ਤੀਸਰੀ ਜਮਾਤ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਬੱਚਿਆਂ ਨੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਬੱਚਿਆਂ ਨੇ ਹੈਰਾਨੀਜਨਕ ਕਲਾ ਦਾ ਪ੍ਰਗਟਾਵਾ ਕਰਦੇ ਹੋਏ ਪੋਸਟਰ ਤਿਆਰ ਕੀਤੇ। ਵਾਤਾਵਰਨ ਨੂੰ ਬਚਾਉਣ ਦੇ ਥੀਮ ਦੇ ਆਧਾਰ 'ਤੇ ਕੋਰੀਓਗ੍ਰਾਫੀ ਵੀ ਪੇਸ਼ ਕੀਤੀ ਗਈ। ਸਕੂਲ ਦੇ ਵਿਹੜੇ ਨੂੰ ਹੋਰ ਹਰਿਆ-ਭਰਿਆ ਬਣਾਉਣ ਲਈ ਬੱਚਿਆਂ ਨੇ ਆਪਣੇ ਹੱਥੀ ਪੌਦੇ ਲਾਏ ਤੇ ਸਮੂਹ ਸਮਾਜ ਨੂੰ 'ਰੁੱਖ ਲਗਾਓ ਧਰਤੀ ਬਚਾਓ' ਦਾ ਸੁਨੇਹਾ ਦਿੱਤਾ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਨੇ ਵਰਲਡ ਅਰਥ ਡੇ ਮੌਕੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਦੀ ਲੋੜ ਨੂੰ ਦੇਖਦਿਆਂ ਆਪਣੀ ਧਰਤੀ 'ਤੇ ਹਰਿਆਲੀ ਵਧਾਉਣ ਲਈ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ ਅਤੇ ਅੱਜ ਦੇ ਦਿਨ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਰੁੱਖਾਂ ਨੂੰ ਕੱਟਣ ਦੀ ਬਜਾਏ ਉਸ ਦੇ ਨਾਲ ਇੱਕ ਰੁੱਖ ਹੋਰ ਖੜਾ ਕਰੀਏ, ਜਿਸ ਨਾਲ ਕੇ ਆਉਣ ਵਾਲੀਆਂ ਪੀੜੀਆਂ ਨੂੰ ਵੀ ਰੁੱਖਾਂ ਦੀ ਛਾਂ ਨਸੀਬ ਹੋਵੇ ਅੰਤ ਹਰ ਇਨਸਾਨ ਨੂੰ ਆਪਣੇ ਜੀਵਨ ਦੇ ਵਿੱਚ ਇਕ ਜਾਂ ਇਕ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ।

## ਪਾਣੀਆਂ ਦਾ ਮੋਰਚਾ ਤੇ ਅਕਾਲੀਆਂ ਦੀ ਗ਼ੱਦਾਰੀ...




ਸੰਨ 1990 'ਚ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮਾਮਲਾ ਦੁਬਾਰਾ ਭਖ਼ ਗਿਆ ਸੀ ਜੋ ਸਿੱਖ ਕੌਮ ਲਈ ਇੱਕ ਵੱਡੀ ਚੁਣੌਤੀ ਸੀ। ਕੇਂਦਰ ਸਰਕਾਰ ਲਗਾਤਾਰ ਪੰਜਾਬ ਦੇ ਪਾਣੀਆਂ ਦੀ ਲੁੱਟ ਕਰ ਰਹੀ ਸੀ ਜਦਕਿ ਰਾਇਪੇਰੀਅਨ ਕਨੂੰਨ ਅਨੁਸਾਰ ਦਰਿਆ ਦੇ ਪਾਣੀ ਉੱਤੇ ਹੱਕ ਓਸੇ ਦੇਸ਼ ਜਾਂ ਸੂਬੇ ਦਾ ਹੁੰਦਾ ਹੈ ਜਿੱਥੋਂ ਦੀ ਉਹ ਦਰਿਆ ਵਹਿੰਦਾ ਹੋਵੇ। ਇਹ ਉਹਨਾਂ ਨੂੰ ਕੁਦਰਤੀ ਦੇਣ ਹੈ ਅਤੇ ਦੂਜੇ ਪਾਸੇ ਹੜ੍ਹਾਂ ਮੌਕੇ ਵੀ ਉਸ ਇਲਾਕੇ ਦੇ ਲੋਕ ਹੀ ਨੁਕਸਾਨ ਝੱਲਦੇ ਹਨ। ਪੰਜਾਬ ਵਿੱਚ ਵਗਦੇ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ ਉੱਤੇ ਹੱਕ ਕੇਵਲ ਪੰਜਾਬ ਦਾ ਹੈ ਪਰ ਹਿੰਦ ਸਰਕਾਰ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ ਤੇ ਉਲ਼ਟਾ ਦੂਜੇ ਰਾਜਾਂ ਹਰਿਆਣਾ ਅਤੇ ਰਾਜਸਥਾਨ ਨੂੰ ਦਿੱਤੇ ਜਾ ਰਹੇ ਪਾਣੀ ਦਾ ਮੁਆਵਜ਼ਾ ਵੀ ਪੰਜਾਬ ਨੂੰ ਨਹੀਂ ਸੀ ਦਿੱਤਾ ਜਾ ਰਿਹਾ ਤੇ ਪੰਜਾਬ ਕੋਲੋਂ ਬਿਜਲੀ ਦਾ ਕੰਟਰੋਲ ਵੀ ਸਰਕਾਰ ਨੇ ਖੋਹ ਲਿਆ ਸੀ।

ਮਿਤੀ 31 ਦਸੰਬਰ 1981 ਨੂੰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿਹੁੰ ਤੋਂ ਧੱਕੇ ਨਾਲ਼ ਦਸਤਖ਼ਤ ਕਰਵਾ ਕੇ ਪੰਜਾਬ ਨੂੰ ਬੰਜਰ ਬਣਾਉਣ ਦਾ ਫ਼ੈਸਲਾ ਕਰ ਲਿਆ ਸੀ। ਹਾਲਾਂਕਿ ਇਸ ਤੋਂ ਪਹਿਲਾਂ ਕੇਂਦਰ ਦੀਆਂ ਕਾਂਗਰਸੀ ਸਰਕਾਰਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਅਤੇ ਗਿਆਨੀ ਜ਼ੈਲ ਸਿੰਘ ਨਾਲ਼ ਵੀ ਅਜਿਹੇ ਸਮਝੌਤੇ ਕੀਤੇ ਸਨ ਜੋ ਪੰਜਾਬ ਦੇ ਹਿੱਤਾਂ ਦੇ ਉਲ਼ਟ ਸਨ।

ਹੁਣ ਕੇਂਦਰ ਸਰਕਾਰ ਜੋ ਪੰਜਾਬ ਦੇ ਸਤਲੁਜ ਦਰਿਆ ਦਾ ਪਾਣੀ ਹਰਿਆਣੇ ਰਾਹੀਂ ਯਮੁਨਾ ਲਿਜਾਉਣੀ ਚਾਹੁੰਦੀ ਸੀ। ਜਿਸ ਕਰਕੇ ਸਤਲੁਜ-ਯਮੁਨਾ ਲਿੰਕ ਨਹਿਰ (ਐੱਸ.ਵਾਈ.ਐੱਲ.) ਬਣਾਉਣ ਦੀ ਵਿਉਂਤ ਘੜੀ ਗਈ ਜੀਹਦੇ ਖ਼ਿਲਾਫ਼ ਸਿੱਖਾਂ/ਪੰਜਾਬੀਆਂ ਨੂੰ ਡਟਣਾ ਹੀ ਪੈਣਾ ਸੀ। ਓਦੋਂ ਹੀ ਸਿੱਖਾਂ ਦੀਆਂ ਵੋਟਾਂ ਪੱਕੀਆਂ ਕਰਨ ਲਈ ਸਿਆਸੀ ਚਾਲ ਖੇਡਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਅਖ਼ਬਾਰਾਂ 'ਚ ਬਿਆਨ ਦੇ ਦਿੱਤਾ ਕਿ "ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਰੋਕਣ ਲਈ ਅਸੀਂ ਗੋਲ਼ੀਆਂ ਖਾਵਾਂਗੇ।"

ਐੱਸ.ਵਾਈ.ਐੱਲ. ਦੀ ਉਸਾਰੀ ਲਈ ਟੱਕ ਲਾਉਣ ਜਦੋਂ ਇੰਦਰਾ ਗਾਂਧੀ 8 ਅਪ੍ਰੈਲ 1982 ਨੂੰ ਪਟਿਆਲ਼ੇ ਜ਼ਿਲ੍ਹੇ ਦੇ ਪਿੰਡ ਕਪੂਰੀ ਵਿਖੇ ਆਈ ਤਾਂ ਇਸ ਫ਼ੈਸਲੇ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਨੇ ਮੋਰਚਾ ਲਾ ਦਿੱਤਾ ਜਿਸ ਨੂੰ 'ਜੰਗ ਹਿੰਦ-ਪੰਜਾਬ' ਐਲਾਨਿਆ ਗਿਆ। ਪਰ 13 ਅਪ੍ਰੈਲ 1978 ਨੂੰ 13 ਸਿੰਘ ਸ਼ਹੀਦ ਕਰਵਾਉਣ ਕਾਰਨ ਤੇ 1977 ਤੋਂ 1980 'ਚ ਬਾਦਲ ਦੀ ਸਰਕਾਰ ਵੇਲ਼ੇ ਅਕਾਲੀਆਂ ਦਾ ਵੱਕਾਰ ਡਿੱਗਣ ਕਾਰਨ ਇਹਨਾਂ ਨੂੰ ਸਿੱਖਾਂ ਅਤੇ ਪੰਜਾਬੀਆਂ ਦਾ ਕੋਈ ਸਮਰਥਨ ਨਾ ਮਿਲਿਆ ਤੇ ਮੋਰਚਾ ਫੇਲ੍ਹ ਹੁੰਦਾ ਗਿਆ।

ਪਰ ਉਹਨੀਂ ਦਿਨੀਂ ਹੀ ਜਦ 19 ਜੁਲਾਈ 1982 ਨੂੰ ਪੁਲੀਸ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ ਅਤੇ ਦਮਦਮੀ ਟਕਸਾਲ ਦੇ ਸੀਨੀਅਰ ਆਗੂ ਬਾਬਾ ਠਾਹਰਾ ਸਿੰਘ ਜੀ ਨੂੰ ਅੰਮ੍ਰਿਤਸਰ ਦੀ ਕਚਹਿਰੀ 'ਚੋਂ ਬੇਵਜ੍ਹਾ ਗ੍ਰਿਫ਼ਤਾਰ ਕਰ ਲਿਆ ਤਾਂ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਤੁਰੰਤ ਮਹਿਤੇ ਤੋਂ ਸ੍ਰੀ ਅੰਮ੍ਰਿਤਸਰ ਆ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘਾਂ ਦੀ ਰਿਹਾਈ ਅਤੇ ਸਿੱਖ ਕੌਮ ਦੇ ਗਲ਼ੋਂ ਗਲਾਮੀ ਲਾਹੁਣ ਦੀ ਅਰਦਾਸ ਕਰਕੇ ਮੰਜੀ ਸਾਹਿਬ ਦੀਵਾਨ ਹਾਲ ਤੋਂ ਮੋਰਚਾ ਸ਼ੁਰੂ ਕਰ ਦਿੱਤਾ ਤੇ ਹਰ ਰੋਜ਼ 51 ਸਿੰਘਾਂ ਦਾ ਜਥਾ ਗ੍ਰਿਫ਼ਤਾਰੀ ਦੇਣ ਲੱਗਾ।

ਉੱਧਰ ਦੂਜੇ ਪਾਸੇ ਅਕਾਲੀਆਂ ਵੱਲੋਂ ਕਪੂਰੀ ਪਿੰਡ 'ਚ ਲਾਏ ਮੋਰਚੇ ਦੀ ਤਾਂ ਕੋਈ ਚਰਚਾ ਹੀ ਨਹੀਂ ਸੀ, ਅਕਾਲੀ ਆਗੂ ਮੋਰਚਾ ਚੁੱਕਣ ਲਈ ਕਾਹਲੇ ਸਨ ਪਰ ਬਦਨਾਮੀ ਤੋਂ ਡਰ ਰਹੇ ਸਨ। ਇੱਧਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਸ਼ਾਂ ਵੱਲੋਂ ਲਾਏ ਮੋਰਚੇ 'ਚ ਪੂਰਾ ਸਿੱਖ ਜਗਤ ਹੀ ਆ ਡਟਿਆ ਤੇ ਮੋਰਚਾ ਬੁਲੰਦੀਆਂ 'ਤੇ ਪਹੁੰਚ ਗਿਆ। ਅਖੌਤੀ ਅਕਾਲੀ ਆਗੂਆਂ ਨੇ ਕਪੂਰੀ ਮੋਰਚਾ ਛੱਡ ਕੇ ਸੰਤ ਭਿੰਡਰਾਂਵਾਲਿਆਂ ਦੇ ਮੋਰਚੇ ਨੂੰ 4 ਅਗਸਤ 1982 ਨੂੰ ਅਪਣਾ ਲਿਆ ਤੇ ਇਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਮੰਗਾਂ ਨੂੰ ਵੀ ਸ਼ਾਮਲ ਕੀਤਾ ਗਿਆ ਜਿਸ ਵਿੱਚ ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ, ਸਿੱਖ ਇੱਕ ਵੱਖਰੀ ਕੌਮ ਦਾ ਦਰਜਾ ਅਤੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਨੂੰ ਰੋਕਣਾ ਆਦਿ ਮੁੱਦੇ ਸਨ। ਉਸ ਦਿਨ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਅਗਵਾਈ 'ਚ ਇੱਕ ਵੱਡੇ ਜਥੇ ਨਾਲ਼ ਗ੍ਰਿਫ਼ਤਾਰੀ ਦਿੱਤੀ।

19 ਜੁਲਾਈ 1982 ਤੋਂ 3 ਜੂਨ 1984 ਤਕ ਇਸ ਮੋਰਚੇ 'ਚ ਤਕਰੀਬਨ ਦੋ ਲੱਖ ਤੀਹ ਹਜ਼ਾਰ ਤੋਂ ਵੱਧ ਸਿੰਘਾਂ-ਸਿੰਘਣੀਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ, 200 ਤੋਂ ਵੱਧ ਸਿੰਘਾਂ ਦੀਆਂ ਸ਼ਹਾਦਤਾਂ ਹੋਈਆਂ ਤੇ ਮੋਰਚੇ ਨੇ ਸਰਕਾਰ ਦੇ ਨੱਕ 'ਚ ਦਮ ਕਰ ਦਿੱਤਾ। ਪਰ ਹਿੰਦੂ ਹਾਕਮਾਂ ਨੇ ਸਿੱਖਾਂ ਅਤੇ ਪੰਜਾਬੀਆਂ ਨੂੰ ਫਿਰ ਵੀ ਉਹਨਾਂ ਦੇ ਬਣਦੇ ਹੱਕ ਨਾ ਦਿੱਤੇ ਤੇ ਜੂਨ 1984 ਦੇ ਪਹਿਲੇ ਹਫ਼ਤੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਚਾਲੀ ਤੋਂ ਵੱਧ ਗੁਰਧਾਮਾਂ ਉੱਤੇ ਹਮਲਾ ਕਰ ਕੇ ਘੱਲੂਘਾਰਾ ਵਰਤਾ ਦਿੱਤਾ। ਜਿਸ ਦੌਰਾਨ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ, ਭਾਈ ਅਮਰੀਕ ਸਿੰਘ, ਜਨਰਲ ਸ਼ਾਬੇਗ ਸਿੰਘ, ਬਾਬਾ ਠਾਹਰਾ ਸਿੰਘ, ਬੀਬੀ ਉਪਕਾਰ ਕੌਰ, ਬੀਬੀ ਪਰਮਜੀਤ ਕੌਰ, ਭਾਈ ਮੇਜਰ ਸਿੰਘ ਨਾਗੋਕੇ ਤੇ ਹੋਰ ਸੂਰਮੇ ਸ਼ਹਾਦਤਾਂ ਪ੍ਰਾਪਤ ਕਰ ਗਏ। ਪਰ ਦੂਜੇ ਪਾਸੇ ਪੰਥ ਨਾਲ਼ ਗ਼ੱਦਾਰੀ ਕਰਦਿਆਂ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਫ਼ੈਡਰੇਸ਼ਨ ਆਗੂ ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਵਿਰਸਾ ਸਿੰਘ ਵਲਟੋਹਾ ਆਦਿਕ ਜੋ ਸੰਗਤਾਂ ਦੀਆਂ ਲਾਸ਼ਾਂ 'ਤੇ ਪੈਰ ਰੱਖ ਕੇ ਅਤੇ ਬਾਂਹਵਾਂ ਖੜ੍ਹੀਆਂ ਕਰਕੇ ਭਾਰਤੀ ਫ਼ੌਜ ਦੀਆਂ ਗੱਡੀਆਂ ਵਿੱਚ ਬਹਿ ਗਏ।

ਘੱਲੂਘਾਰੇ ਤੋਂ ਮਗਰੋਂ ਸਿੱਖ ਕੌਮ ਦੀ ਹਿੱਕ 'ਚ ਖੰਜਰ ਖੋਭਦਿਆਂ ਅਖੌਤੀ ਅਕਾਲੀ ਆਗੂ ਹਰਚੰਦ ਸਿੰਘ ਲੌਂਗੋਵਾਲ ਅਤੇ ਸੁਰਜੀਤ ਸਿੰਘ ਬਰਨਾਲਾ ਨੇ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ਼ 24 ਜੁਲਾਈ 1985 ਨੂੰ ਸਮਝੌਤਾ ਕਰ ਲਿਆ ਜਿਸ ਨੂੰ 'ਰਾਜੀਵ-ਲੌਂਗੋਵਾਲ ਸਮਝੌਤਾ' ਕਿਹਾ ਗਿਆ। ਇਸ ਨਾਲ਼ ਸਤਲੁਜ-ਯਮੁਨਾ ਲਿੰਕ ਨਹਿਰ ਰਾਹੀਂ ਪੰਜਾਬ ਦੇ ਪਾਣੀ ਲੁੱਟੇ ਜਾਣ ਦਾ ਹੋਰ ਵੀ ਪੱਕਾ ਇੰਤਜ਼ਾਮ ਖੁਦ ਅਕਾਲੀ ਆਗੂਆਂ ਨੇ ਆਪਣੇ ਹੱਥੀਂ ਕਰ ਦਿੱਤਾ। ਜਿਸ ਨੂੰ ਨਾ ਬਰਦਾਸ਼ਤ ਕਰਦਿਆਂ 25 ਦਿਨਾਂ ਬਾਅਦ ਹੀ ਸਿੱਖ ਕੌਮ ਦੇ ਯੋਧੇ ਭਾਈ ਹਲਮਿੰਦਰ ਸਿੰਘ ਲੀਲ੍ਹ ਅਤੇ ਭਾਈ ਗਿਆਨ ਸਿੰਘ ਲੀਲ੍ਹ ਨੇ 20 ਅਗਸਤ 1985 ਨੂੰ ਜ਼ਿਲ੍ਹਾ ਸੰਗਰੂਰ ਦੇ ਪਿੰਡ ਸ਼ੇਰਪੁਰ ਵਿੱਚ ਹਰਚੰਦ ਸਿੰਘ ਲੌਂਗੋਵਾਲ ਨੂੰ ਗੋਲ਼ੀਆਂ ਮਾਰ ਕੇ ਉਸ ਨੂੰ ਇੰਦਰਾ ਗਾਂਧੀ ਕੋਲ਼ ਨਰਕਾਂ 'ਚ ਭੇਜ ਦਿੱਤਾ। ਜਿਸ ਨੂੰ ਕਵੀਸ਼ਰ ਸਿੰਘਾਂ ਨੇ ਇਸ ਤਰ੍ਹਾਂ ਗਾਇਆ:-

"(ਪਿੰਡ) ਗਿੱਦੜਆਣੀ ਦਾ ਗਿੱਦੜ ਮਾਰਿਆ, ਸ਼ੇਰਪੁਰ ਵਿੱਚ ਸ਼ੇਰਾਂ ਨੇ।" ਫਿਰ ਜਦੋਂ ਅਖੌਤੀ ਅਕਾਲੀ ਆਗੂ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣਿਆ ਤਾਂ ਉਸ ਨੇ 'ਰਾਜੀਵ-ਲੌਂਗੋਵਾਲ ਸਮਝੌਤੇ' ਤਹਿਤ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਦਾ ਅੱਧਿਓਂ ਵੱਧ ਕੰਮ ਪੂਰੇ ਜ਼ੋਰ-ਸ਼ੋਰ ਨਾਲ਼ ਕਰਵਾਇਆ। ਲੋਕ ਇਹਨਾਂ ਨੂੰ ਲਾਹਣਤਾਂ ਪਾਉਂਦੇ ਸਨ ਕਿ ਪਹਿਲਾਂ ਆਪ ਹੀ ਇਸ ਨਹਿਰ ਨੂੰ ਰੋਕਣ ਲਈ ਕਪੂਰੀ ਮੋਰਚਾ ਲਾਇਆ ਤੇ ਹੁਣ ਆਪ ਹੀ ਬਣਾ ਰਹੇ ਨੇ। ਸੋਚ ਕੇ ਵੇਖੋ ਕਿ ਨਹਿਰ ਦੀ ਉਸਾਰੀ ਰੁਕਵਾਉਣ ਲਈ ਅਖੌਤੀ ਅਕਾਲੀ ਆਗੂਆਂ ਦਾ ਸਾਥ ਦੇ ਕੇ ਜਿਨ੍ਹਾਂ ਨੇ ਸਰਕਾਰ ਦੇ ਤਸੀਹੇ ਝੱਲੇ, ਆਪਣੇ ਘਰ-ਪਰਿਵਾਰ ਬਰਬਾਦ ਕਰਵਾਏ, ਲੰਬੀਆਂ ਜੇਲ੍ਹਾਂ ਕੱਟੀਆਂ ਉਹਨਾਂ ਉੱਤੇ ਕੀ ਬੀਤਦੀ ਹੋਵੇਗੀ। ਇਹ ਅਕਾਲੀ ਤਾਂ ਹਿੰਦ ਸਰਕਾਰ ਦੇ ਬੀਬੇ ਪੁੱਤ ਬਣ ਗਏ ਸਨ ਤੇ ਉਹਨਾਂ ਦੇ ਇਸ਼ਾਰਿਆਂ 'ਤੇ ਨੱਚ ਰਹੇ ਸਨ, ਇਹਨਾਂ ਨੇ 'ਅਕਾਲੀ' ਸ਼ਬਦ ਨੂੰ ਵੀ ਕਲੰਕਿਤ ਕਰ ਦਿੱਤਾ।

ਜਿਵੇਂ ਸੰਨ 2015 'ਚ ਅਕਾਲੀ ਦਲ ਬਾਦਲ ਦੇ ਰਾਜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋਈਆਂ ਤੇ ਇਨਸਾਫ਼ ਮੰਗਦੇ ਸਿੱਖਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ ਸੀ। ਇਹ ਅਕਾਲੀ ਉਹ ਨਹੀਂ ਜੋ 'ਪੰਥ ਵਸੈ ਮੈਂ ਉਜੜਾ' ਸਿਧਾਂਤ ਦੇ ਧਾਰਨੀ ਸਨ ਬਲਕਿ ਇਹ ਤਾਂ ਕਹਿੰਦੇ ਹਨ ਕਿ 'ਸਾਨੂੰ ਕੁਰਸੀ ਮਿਲ਼ਣੀ ਚਾਹੀਦੀ ਏ, ਪੰਥ ਭਾਵੇਂ ਢੱਠੇ ਖੂਹ 'ਚ ਪਵੇ।' ਪ੍ਰਕਾਸ਼ ਸਿੰਘ ਬਾਦਲ ਨੇ ਸਿੱਖਾਂ ਦੇ ਕਾਤਲ ਬੁੱਚੜ ਸੁਮੇਧ ਸੈਣੀ ਨੂੰ ਪੰਜਾਬ ਪੁਲੀਸ ਦਾ ਡੀ.ਜੀ.ਪੀ. ਲਾਇਆ ਤੇ ਦੁਸ਼ਟ ਇਜ਼ਹਾਰ ਆਲਮ ਨੂੰ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ, ਬਲਾਤਕਾਰੀ ਸਿਰਸੇ ਵਾਲ਼ੇ ਪਖੰਡੀ ਨੂੰ ਤਖ਼ਤਾਂ ਦੇ ਜਥੇਦਾਰਾਂ ਤੋਂ ਬਿਨ-ਮੰਗੀ ਮਾਫ਼ੀ ਦਿਵਾਈ, ਹੁਕਮਨਾਮਿਆਂ ਦੀ ਪ੍ਰੰਪਰਾ ਦਾ ਘਾਣ ਕੀਤਾ ਤੇ ਰੱਜ ਕੇ ਸਿੱਖ ਸਿਧਾਂਤਾਂ ਨੂੰ ਮਲੀਆਮੇਟ ਕੀਤਾ। ਇਹ ਅਜੋਕੇ ਅਕਾਲੀ ਆਗੂਆਂ ਦਾ ਕਿਰਦਾਰ ਹੈ, ਇਹ ਫ਼ਖ਼ਰ-ਏ-ਕੌਮ ਨਹੀਂ ਬਲਕਿ ਗ਼ੱਦਾਰ-ਏ-ਕੌਮ ਹਨ। ਇਹਨਾਂ ਵਿੱਚ ਜ਼ਕਰੀਆਂ ਖਾਂ ਅਤੇ ਨਰੈਣੂ ਮਹੰਤ ਦੀ ਰੂਹ ਪ੍ਰਵੇਸ਼ ਕਰ ਚੁੱਕੀ ਹੈ। ਇਹਨਾਂ ਤੋਂ ਪੰਥ ਦੇ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ।

ਐੱਸ.ਵਾਈ.ਐੱਲ. ਨਹਿਰ ਵਾਲੇ ਮਾਮਲੇ ਕਾਰਨ ਤਾਂ ਪੰਜਾਬ ਵਿੱਚ ਕਈ ਵਾਰ ਉੱਥਲ-ਪੁਥਲ ਹੋਈ। ਜਿਵੇਂ 18 ਮਈ 1988 ਨੂੰ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਜੁਝਾਰੂਆਂ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਰੋਕਣ ਲਈ ਰੋਪੜ ਜ਼ਿਲ੍ਹੇ ਵਿੱਚ ਖਰੜ ਨੇੜੇ ਇਸ ਨਹਿਰ 'ਚ ਕੰਮ ਕਰਦੇ 35 ਭਈਏ ਗੋਲ਼ੀਆਂ ਦੀ ਵਾਛੜ ਨਾਲ਼ ਭੁੰਨ ਸੁੱਟੇ ਤੇ ਚਿਤਾਵਨੀ ਦਿੱਤੀ ਕਿ 'ਜੇ ਇਹ ਨਹਿਰ ਬਣਾਉਣੀ ਬੰਦ ਨਾ ਕੀਤੀ ਤਾਂ ਬਾਕੀਆਂ ਦਾ ਹਸ਼ਰ ਵੀ ਏਹੀ ਹੋਵੇਗਾ।' ਪਰ ਸਰਕਾਰ ਆਪਣੇ ਫ਼ੈਸਲੇ 'ਤੇ ਬਜ਼ਿੱਦ ਸੀ ਤੇ ਪੰਜਾਬ ਨੂੰ ਬੰਜਰ ਬਣਾਉਣ ਦੀ ਪੂਰੀ ਤਾਕ ਵਿੱਚ ਸੀ।

ਅਕਾਲੀ ਆਗੂ ਤਾਂ ਪੰਥ ਅਤੇ ਪੰਜਾਬ ਨਾਲ ਗ਼ੱਦਾਰੀਆਂ ਕਰ ਗਏ ਪਰ ਖਾਲਿਸਤਾਨੀ ਜੁਝਾਰੂ ਸਿੰਘ ਤਾਂ ਪੰਥ ਤੇ ਪੰਜਾਬ ਲਈ ਆਪਣਾ ਖੂਨ ਵਹਾਅ ਰਹੇ ਸਨ ਤੇ ਉਹ ਹਰ ਹੀਲੇ ਐੱਸ.ਵਾਈ.ਐੱਲ. ਨਹਿਰ ਨੂੰ ਰੋਕਣਾ ਚਾਹੁੰਦੇ ਸਨ।

ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਜਰਨੈਲ ਭਾਈ ਸੁਖਦੇਵ ਸਿੰਘ ਜੀ ਬੱਬਰ (ਦਾਸੂਵਾਲ) ਦੀ ਅਗਵਾਈ 'ਚ ਜੁਝਾਰੂ ਸਿੰਘਾਂ ਦੀ ਮੀਟਿੰਗ ਹੋਈ ਜਿਸ ਦੌਰਾਨ ਫ਼ੈਸਲਾ ਲਿਆ

ਗਿਆ ਕਿ ਹੁਣ ਐੱਸ. ਵਾਈ. ਐੱਲ. ਨਹਿਰ ਨੂੰ ਰੋਕਣ ਲਈ ਧੜੱਲੇਦਾਰ ਐਕਸ਼ਨ ਕੀਤਾ ਜਾਵੇਗਾ। ਕਾਰਵਾਈ ਕਰਨ ਤੋਂ ਪਹਿਲਾਂ ਬੱਬਰ ਖਾਲਸਾ ਦੇ ਸਿੰਘਾਂ ਨੇ ਬੜੀ ਸੰਜੀਦਗੀ ਨਾਲ ਸਤਲੁਜ-ਯਮੁਨਾ ਲਿੰਕ ਨਹਿਰ ਦੇ ਚੀਫ਼ ਇੰਜੀਨੀਅਰ ਐੱਮ.ਐੱਲ. ਸੀਕਰੀ ਨੂੰ ਟੈਲੀਫ਼ੋਨ ਕਰ ਕੇ ਸਮਝਾਇਆ ਕਿ ਉਹ ਉਹ ਪੰਜਾਬ ਦੇ ਹਿੱਤ ਵਿੱਚ ਭੁਗਤੇ ਤੇ ਆਪਣੀ ਜ਼ਿੰਮੇਵਾਰੀ ਸਮਝ ਕੇ ਇਸ ਨਹਿਰ ਦੇ ਕੰਮ ਨੂੰ ਕਿਸੇ ਤਰ੍ਹਾਂ ਤੁਰੰਤ ਰਕਵਾਵੇ। ਪਰ ਸੀਕਰੀ ਨੇ ਜੁਝਾਰੂਆਂ ਦੀ ਗੱਲ ਨੂੰ ਅੱਖੋਂ ਪਰੋਖੇ ਕਰ ਕੇ ਸਰਕਾਰ ਤੋਂ ਸੁਰੱਖਿਆ ਹਾਸਲ ਕਰ ਲਈ ਤੇ ਨਹਿਰ ਦਾ ਕੰਮ ਜਾਰੀ ਰੱਖਿਆ।

ਫਿਰ ਜਥੇਦਾਰ ਭਾਈ ਸੁਖਦੇਵ ਸਿੰਘ ਬੱਬਰ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਜੁਝਾਰੂ ਭਾਈ ਬਲਵਿੰਦਰ ਸਿੰਘ ਜਟਾਣਾ, ਭਾਈ ਹਰਮੀਤ ਸਿੰਘ ਭਾਊਵਾਲ, ਭਾਈ ਬਲਵੀਰ ਸਿੰਘ ਫ਼ੌਜੀ ਮਕਰੋੜ ਅਤੇ ਭਾਈ ਜਗਤਾਰ ਸਿੰਘ ਪੰਜੋਲਾ ਜੋ 23 ਜੁਲਾਈ 1990 ਨੂੰ ਸਵੇਰੇ ਸਾਢੇ ਕੁ ਦਸ ਵਜੇ ਚੰਡੀਗੜ੍ਹ ਦੇ ਸੈਕਟਰ 26 ਵਿੱਚ ਸਤਲੁਜ-ਯਮੁਨਾ ਲਿੰਕ ਨਹਿਰ ਦੇ ਦਫ਼ਤਰ ਵਿੱਚ ਸਕੂਟਰਾਂ 'ਤੇ ਸਵਾਰ ਹੋ ਕੇ ਪੁੱਜੇ ਅਤੇ ਉਸ ਸਮੇਂ ਅਫ਼ਸਰਾਂ ਦੀ ਜ਼ਰੂਰੀ ਮੀਟਿੰਗ ਚਲ ਰਹੀ ਸੀ। ਜਦ ਚਾਰੇ ਜੁਝਾਰੂ ਸਿੰਘ ਦਫ਼ਤਰ ਦੀ ਦੂਜੀ ਮੰਜ਼ਲ ਦੀਆਂ ਪੌੜੀਆਂ ਚੜ੍ਹ ਕੇ ਮੀਟਿੰਗ ਵਾਲੇ ਕਮਰੇ 'ਚ ਵੜਨ ਲੱਗੇ ਤਾਂ ਅੱਗੇ ਕਰਮਚਾਰੀ ਭੋਲਾ ਪ੍ਰਸ਼ਾਦ ਖੜ੍ਹਾ ਸੀ ਉਸ ਨੇ ਸਿੰਘਾਂ ਨੂੰ ਰੋਕਣਾ ਚਾਹਿਆ ਪਰ ਜਦੋਂ ਸੂਰਮਿਆਂ ਨੇ ਪਿਸਤੌਲ ਵਿਖਾਏ ਤਾਂ ਉਹ ਏਨਾ ਡਰ-ਘਬਰਾ ਗਿਆ ਕਿ ਉਸ ਨੇ ਦੂਜੀ ਮੰਜ਼ਲ ਤੋਂ ਥੱਲੇ ਛਾਲ ਮਾਰ ਦਿੱਤੀ ਜਿਸ ਨਾਲ਼ ਉਸ ਦੀਆਂ ਲੱਤਾਂ ਟੁੱਟ ਗਈਆਂ। ਭਾਈ ਬਲਵਿੰਦਰ ਸਿੰਘ ਜਟਾਣਾ ਤੇ ਸਾਥੀਆਂ ਨੇ ਮੀਟਿੰਗ ਵਾਲੇ ਕਮਰੇ ਦੇ ਬੂਹੇ ਨੂੰ ਲੱਤ ਮਾਰੀ ਤੇ ਅੰਦਰ ਵੜਦਿਆਂ ਸਾਰ ਸਤਲੁਜ-ਯਮੁਨਾ ਲਿੰਕ ਨਹਿਰ ਦੇ ਚੀਫ਼ ਇੰਜੀਨੀਅਰ ਐੱਮ.ਐੱਲ. ਸੀਕਰੀ ਅਤੇ ਨਿਗਰਾਨ ਇੰਜੀਨੀਅਰ ਅਵਤਾਰ ਸਿੰਘ ਔਲਖ ਉੱਤੇ ਗੋਲ਼ੀਆਂ ਚਲਾ ਦਿੱਤੀਆਂ। ਸੀਕਰੀ ਤਾਂ ਮੌਕੇ 'ਤੇ ਹੀ ਗੱਡੀ ਚੜ੍ਹ ਗਿਆ ਤੇ ਔਲਖ ਨੇ ਵੀ ਕਿੱਥੋਂ ਜਿਉਂਦਾ ਬਚਣਾ ਸੀ ਉਹ ਪੀ.ਜੀ.ਆਈ. ਹਸਪਤਾਲ 'ਚ ਜਾ ਕੇ ਮਰ ਗਿਆ। ਸਿੰਘਾਂ ਵੱਲੋਂ ਕੀਤੇ ਇਸ ਹਮਲੇ 'ਚ ਦੋ ਹੋਰ ਅਧਿਕਾਰੀ ਵੀ ਸਖਤ ਜਖਮੀ ਹੋ ਗਏ ਤੇ ਇਸ ਦਫ਼ਤਰ 'ਚ ਕੰਮ ਕਰਦੇ 100 ਦੇ ਕਰੀਬ ਕਰਮਚਾਰੀ ਡਰ ਨਾਲ਼ ਕੰਧਾਂ 'ਚ ਵੱਜਣ ਲੱਗੇ।

ਖਾਲਿਸਤਾਨੀ ਜੁਝਾਰੂਆਂ ਦੇ ਇਸ ਐਕਸ਼ਨ ਨਾਲ਼ ਦਿੱਲੀ ਦਰਬਾਰ ਦੀਆਂ ਚੂਲਾਂ ਹਿੱਲ ਗਈਆਂ। ਮੰਤਰੀ, ਅਫ਼ਸਰ ਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਹੁਣ ਲਿੰਕ ਨਹਿਰ ਦੀ ਉਸਾਰੀ 'ਚੋਂ ਆਪਣੀ ਮੌਤ ਦਿਸਣ ਲੱਗੀ ਤੇ ਨਹਿਰ ਦਾ ਕੰਮ ਤੁਰੰਤ ਬੰਦ ਹੋ ਗਿਆ ਤੇ ਹਿੰਦ ਹਕੂਮਤ ਦੀ ਵੱਡੀ ਹਾਰ ਹੋਈ। ਇਹ ਨਹਿਰ ਅੱਜ-ਤਕ ਬੰਦ ਹੈ ਤੇ ਮੁੜ ਉਸਾਰੀ ਕਰਵਾਉਣ ਦੀ ਅਜੇ ਤਕ ਕਿਸੇ ਦੀ ਹਿੰਮਤ ਨਾ ਪਈ। ਯੋਧਿਆਂ ਨੇ ਅਜਿਹਾ ਬੰਨ੍ਹ ਮਾਰਿਆ ਜੋ ਹੁਣ-ਤਕ ਸਰਕਾਰਾਂ ਅਤੇ ਅਦਾਲਤਾਂ ਦੀਆਂ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਵੀ ਨਹੀਂ ਟੁੱਟਿਆ। ਜੇ ਕਿਸੇ ਨੇ ਅਗਾਂਹ ਕੋਸ਼ਿਸ਼ ਵੀ ਕੀਤੀ ਤਾਂ ਸੂਰਮੇ ਦੁਬਾਰਾ ਫਿਰ ਨਿੱਤਰਨਗੇ। ਇਸੇ ਲਈ ਤਾਂ ਪ੍ਰਸਿੱਧ ਗਾਇਕ ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲ਼ਾ ਨੇ ਗਾਇਆ ਸੀ ਕਿ 'ਜੇ ਨਾ ਟਲੇ ਫਿਰ ਮੁੜ ਬਲਵਿੰਦਰ ਜਟਾਣਾ ਆਊ।'

## "ਇੱਕ ਕਿਤਾਬ ਸੰਪਾਦਕ"




ਇੱਕ ਕਿਤਾਬ ਸੰਪਾਦਕ ਹੱਥ-ਲਿਖਤਾਂ ਨੂੰ ਸੋਧਣ ਅਤੇ ਇਹ ਯਕੀਨੀ ਬਣਾਉਣ ਲਈ ਜਿੰਮੇਵਾਰ ਹੁੰਦਾ ਹੈ ਕਿ ਅੰਤਮ ਕਿਤਾਬ ਪਾਲਿਸ਼, ਇਕਸਾਰ, ਅਤੇ ਪ੍ਰਕਾਸ਼ਨ ਲਈ ਤਿਆਰ ਹੈ।

ਮੁੱਖ ਜ਼ਿੰਮੇਵਾਰੀਆਂ-

ਖਰੜੇ ਦੀ ਸਮੀਖਿਆ ਅਤੇ ਸੰਪਾਦਨ-ਪੁਸਤਕ ਸੰਪਾਦਕ ਵਿਆਕਰਣ, ਵਿਰਾਮ ਚਿੰਨ੍ਹ, ਸਪੈਲਿੰਗ ਅਤੇ ਸ਼ੈਲੀ ਦੇ ਮੁੱਦਿਆਂ ਨੂੰ ਠੀਕ ਕਰਨ ਲਈ, ਸਪੱਸ਼ਟਤਾ, ਤਾਲਮੇਲ ਅਤੇ ਪੜ੍ਹਨ ਯੋਗਤਾ ਨੂੰ ਯਕੀਨੀ ਬਣਾਉਣ ਲਈ ਹੱਥ-ਲਿਖਤਾਂ ਨੂੰ ਪੜ੍ਹਦੇ ਅਤੇ ਮੁਲਾਂਕਣ ਕਰਦੇ ਹਨ।

ਢਾਂਚਾਗਤ ਅਤੇ ਕਾਪੀ ਸੰਪਾਦਨ-ਸੰਪਾਦਕ ਸਮੱਗਰੀ ਦੇ ਸੰਗਠਨ, ਤਰਕਸ਼ੀਲ ਪ੍ਰਵਾਹ ਅਤੇ ਇਕਸਾਰਤਾ 'ਤੇ ਧਿਆਨ ਕੇਂਦਰਤ ਕਰਦੇ ਹਨ। ਨਕਲ ਸੰਪਾਦਨ ਵਿੱਚ ਗਦ ਨੂੰ ਸੋਧਣਾ, ਵਿਆਕਰਣ ਦੀਆਂ ਗਲਤੀਆਂ ਨੂੰ ਠੀਕ ਕਰਨਾ ਅਤੇ ਪੂਰੀ ਖਰੜੇ ਵਿੱਚ ਇਕਸਾਰ ਸ਼ੈਲੀ ਅਤੇ ਟੋਨ ਨੂੰ ਯਕੀਨੀ ਬਣਾਉਣਾ ਸ਼ਾਮਲ ਹੈ।

ਸਹਿਯੋਗ ਅਤੇ ਤਾਲਮੇਲ-ਪੁਸਤਕ ਸੰਪਾਦਕ ਪ੍ਰਕਾਸ਼ਨ ਪ੍ਰਕਿਰਿਆ ਦੁਆਰਾ ਖਰੜੇ ਦੀ ਅਗਵਾਈ ਕਰਨ ਲਈ ਲੇਖਕਾਂ, ਪਰੂਫ ਰੀਡਰਾਂ, ਡਿਜ਼ਾਈਨਰਾਂ ਅਤੇ ਉਤਪਾਦਨ ਟੀਮਾਂ ਨਾਲ ਮਿਲ ਕੇ ਕੰਮ ਕਰਦੇ ਹਨ। ਉਹ ਇਹ ਯਕੀਨੀ ਬਣਾਉਣ ਲਈ ਮਾਰਕੀਟਿੰਗ ਅਤੇ ਡਿਸਟ੍ਰੀਬਿਊਸ਼ਨ ਟੀਮਾਂ ਨਾਲ ਤਾਲਮੇਲ ਵੀ ਕਰ ਸਕਦੇ ਹਨ ਕਿ ਕਿਤਾਬ ਪ੍ਰਭਾਵਸ਼ਾਲੀ ਢੰਗ ਨਾਲ ਦਰਸ਼ਕਾਂ ਤੱਕ ਪਹੁੰਚ ਸਕੇ।

ਪ੍ਰੋਜੈਕਟ ਪ੍ਰਬੰਧਨ-ਸੰਪਾਦਕ ਸਮਾਂ-ਸੀਮਾਵਾਂ ਦਾ ਪ੍ਰਬੰਧਨ ਕਰਦੇ ਹਨ, ਕਾਰਜਾਂ ਨੂੰ ਤਰਜੀਹ ਦਿੰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਡਰਾਫਟ ਅਤੇ ਸੰਸ਼ੋਧਨ ਸਮਾਂ-ਸਾਰਣੀ 'ਤੇ ਪ੍ਰਦਾਨ ਕੀਤੇ ਗਏ ਹਨ। ਉਹਨਾਂ ਨੂੰ ਉੱਚ-ਗੁਣਵੱਤਾ ਵਾਲੇ ਮਾਪਦੰਡਾਂ ਨੂੰ ਕਾਇਮ ਰੱਖਦੇ ਹੋਏ ਵੱਖ-ਵੱਖ ਸ਼ੈਲੀਆਂ, ਲੇਖਕ ਸ਼ੈਲੀਆਂ ਅਤੇ ਪ੍ਰੋਜੈਕਟ ਲੋੜਾਂ ਦੇ ਅਨੁਕੂਲ ਹੋਣਾ ਚਾਹੀਦਾ ਹੈ।

ਉਦਯੋਗ ਜਾਗਰੂਕਤਾ-ਲੇਖਕਾਂ ਨੂੰ ਕੀਮਤੀ ਸੂਝ ਅਤੇ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਸੰਪਾਦਕ ਪ੍ਰਕਾਸ਼ਨ ਦੇ ਰੁਝਾਨਾਂ, ਸਾਹਿਤਕ ਸ਼ੈਲੀਆਂ ਅਤੇ ਮਾਰਕੀਟ ਦੀਆਂ ਮੰਗਾਂ ਬਾਰੇ ਸੂਚਿਤ ਰਹਿੰਦੇ ਹਨ। ਇਹ ਗਿਆਨ ਵਪਾਰਕ ਅਤੇ ਸਾਹਿਤਕ ਸੰਭਾਵਨਾਵਾਂ ਲਈ ਹੱਥ-ਲਿਖਤਾਂ ਦਾ ਮੁਲਾਂਕਣ ਕਰਨ ਵਿੱਚ ਮਦਦ ਕਰਦਾ ਹੈ।

ਪੁਸਤਕ ਸੰਪਾਦਕਾਂ ਦੀਆਂ ਕਿਸਮਾਂ-

ਵਿਕਾਸ ਸੰਬੰਧੀ ਸੰਪਾਦਕ-ਸ਼ੁਰੂਆਤੀ-ਪੜਾਅ ਦੇ ਹੱਥ-ਲਿਖਤ ਵਿਕਾਸ, ਬਣਤਰ ਅਤੇ ਸਮੱਗਰੀ ਦੇ ਸੁਧਾਰ 'ਤੇ ਧਿਆਨ ਕੇਂਦਰਤ ਕਰੋ।

ਕਾਪੀ ਸੰਪਾਦਕ-ਵਿਆਕਰਣ, ਵਿਰਾਮ ਚਿੰਨ੍ਹ, ਸ਼ੈਲੀ ਅਤੇ ਇਕਸਾਰਤਾ 'ਤੇ ਧਿਆਨ ਕੇਂਦਰਤ ਕਰੋ।

ਪਰੂਫਰੀਡਰ-ਪ੍ਰਕਾਸ਼ਨ ਤੋਂ ਪਹਿਲਾਂ ਗਲਤੀਆਂ ਲਈ ਅੰਤਿਮ ਜਾਂਚ ਕਰੋ।

ਸੀਨੀਅਰ ਜਾਂ ਪ੍ਰਬੰਧਕ ਸੰਪਾਦਕ-ਸੰਪਾਦਕੀ ਟੀਮਾਂ, ਸਲਾਹਕਾਰ ਜੂਨੀਅਰ ਸੰਪਾਦਕਾਂ ਦੀ ਨਿਗਰਾਨੀ ਕਰੋ ਅਤੇ ਰਣਨੀਤਕ ਪ੍ਰਕਾਸ਼ਨ ਫੈਂਸਲੇ ਲਓ।

ਹੁਨਰ ਦੀ ਲੋੜ ਹੈ-ਪੁਸਤਕ ਸੰਪਾਦਕਾਂ ਨੂੰ ਮਜ਼ਬੂਤ ਲਿਖਣ ਅਤੇ ਸੰਚਾਰ ਹੁਨਰ, ਆਲੋਚਨਾਤਮਕ ਸੋਚ, ਸਮਾਂ ਪ੍ਰਬੰਧਨ ਅਤੇ ਅਨੁਕੂਲਤਾ ਦੀ ਲੋੜ ਹੁੰਦੀ ਹੈ। ਪ੍ਰਕਾਸ਼ਨ ਉਦਯੋਗ, ਸਾਹਿਤਕ ਸ਼ੈਲੀਆਂ ਅਤੇ ਸ਼ੈਲੀ-ਵਿਸ਼ੇਸ਼ ਸੰਮੇਲਨਾਂ ਦੀ ਡੂੰਘੀ ਸਮਝ ਵੀ ਜ਼ਰੂਰੀ ਹੈ।

ਲੇਖਕ ਨੇ ਜੋ ਲਿਖਿਆ ਉਸ ਲਈ ਕਿਤਾਬ ਸੰਪਾਦਕ ਜ਼ਿੰਮੇਵਾਰ ਹੈ?-ਪੁਸਤਕ ਸੰਪਾਦਕ ਲੇਖਕ ਦੇ ਕੰਮ ਦੀ ਸਮੱਗਰੀ ਲਈ ਜ਼ਿੰਮੇਵਾਰ ਨਹੀਂ ਹੈ। ਸੰਪਾਦਕ ਦੀ ਭੂਮਿਕਾ ਖਰੜੇ ਦੀ ਸਮੀਖਿਆ ਅਤੇ ਸੁਧਾਰ ਕਰਨਾ ਹੈ, ਇਹ ਯਕੀਨੀ ਬਣਾਉਣਾ ਕਿ ਇਹ ਪ੍ਰਕਾਸ਼ਕ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ ਅਤੇ ਪ੍ਰਕਾਸ਼ਨ ਲਈ ਤਿਆਰ ਹੈ।

ਸੰਪਾਦਕ ਦੀਆਂ ਜ਼ਿੰਮੇਵਾਰੀਆਂ ਵਿੱਚ ਸ਼ਾਮਲ ਹਨ-

ਖਰੜੇ ਦੇ ਸੁਧਾਰ ਵਿੱਚ ਸਹਾਇਤਾ ਕਰਨਾ।

ਇਹ ਯਕੀਨੀ ਬਣਾਉਣਾ ਕਿ ਖਰੜਾ ਪ੍ਰਕਾਸ਼ਨ ਲਈ ਤਿਆਰ ਹੈ।

ਪ੍ਰਕਾਸ਼ਨ ਕੰਪਨੀ ਦੇ ਅੰਦਰ ਲੇਖਕਾਂ ਅਤੇ ਹੋਰ ਵਿਭਾਗਾਂ ਨਾਲ ਸਹਿਯੋਗ ਕਰਨਾ।

ਪ੍ਰਕਾਸ਼ਨ ਪ੍ਰਕਿਰਿਆ ਵਿੱਚ ਪੁਸਤਕ ਸੰਪਾਦਕ ਦਾ ਕੰਮ ਜ਼ਰੂਰੀ ਹੈ, ਪਰ ਇਹ ਲੇਖਕ ਦੀ ਸਿਰਜਣਾਤਮਕ ਦ੍ਰਿਸ਼ਟੀ ਅਤੇ ਮੌਲਿਕਤਾ ਹੈ ਜੋ ਪੁਸਤਕ ਦੀ ਸਮੱਗਰੀ ਨੂੰ ਪਰਿਭਾਸ਼ਿਤ ਕਰਦੀ ਹੈ।

ਜੇ ਲੇਖਕ ਨੇ ਕਿਸੇ ਵਿਅਕਤੀ ਦੇ ਵਿਰੁੱਧ ਲਿਖਿਆ ਹੈ ਤਾਂ ਕੀ ਕਿਤਾਬ ਸੰਪਾਦਕ ਜ਼ਿੰਮੇਵਾਰ ਹੈ?-ਇੱਕ ਕਿਤਾਬ ਸੰਪਾਦਕ ਦੀ ਜ਼ਿੰਮੇਵਾਰੀ ਪ੍ਰਕਾਸ਼ਿਤ ਸਮੱਗਰੀ ਦੀ ਅਖੰਡਤਾ ਅਤੇ ਸ਼ੁੱਧਤਾ ਨੂੰ ਯਕੀਨੀ ਬਣਾਉਣ ਵਿੱਚ ਹੈ। ਹਾਲਾਂਕਿ ਸੰਪਾਦਕ ਲੇਖਕ ਦੀਆਂ ਕਾਰਵਾਈਆਂ ਜਾਂ ਵਿਸ਼ਵਾਸਾਂ ਲਈ ਜ਼ਿੰਮੇਵਾਰ ਨਹੀਂ ਹੈ।

ਲੇਖਕ-ਕਿਸੇ ਪੁਸਤਕ ਦੇ ਸੰਦਰਭ ਵਿੱਚ, ਲੇਖਕ ਪੁਸਤਕ ਦੀ ਰਚਨਾ ਅਤੇ ਰਚਨਾ ਲਈ ਜ਼ਿੰਮੇਵਾਰ ਵਿਅਕਤੀ ਹੁੰਦਾ ਹੈ। ਲੇਖਕ ਨੂੰ ਆਮ ਤੌਰ 'ਤੇ ਮੂਲ ਰਚਨਾ ਦੇ ਸਿਰਜਣਹਾਰ ਵਜੋਂ ਮਾਨਤਾ ਦਿੱਤੀ ਜਾਂਦੀ ਹੈ। ਜਿਸ ਵਿੱਚ ਲਿਖਤ, ਸੰਪਾਦਨ ਅਤੇ ਸਮਗਰੀ ਦਾ ਸਮੁੱਚਾ ਰੂਪ ਸ਼ਾਮਲ ਹੁੰਦਾ ਹੈ। ਹਾਲਾਂਕਿ ਸੰਪਾਦਕ ਸਮੱਗਰੀ ਨੂੰ ਸੁਧਾਰ ਸਕਦੇ ਹਨ, ਲੇਖਕ ਨੂੰ ਆਮ ਤੌਰ 'ਤੇ ਕਿਤਾਬ ਦੀ ਸਮੱਗਰੀ ਲਈ ਮੁੱਖ ਜ਼ਿੰਮੇਵਾਰ ਧਿਰ ਮੰਨਿਆ ਜਾਂਦਾ ਹੈ।

ਸੰਖੇਪ ਵਿੱਚ ਇੱਕ ਕਿਤਾਬ ਸੰਪਾਦਕ ਇਹ ਯਕੀਨੀ ਬਣਾਉਂਦਾ ਹੈ ਕਿ ਲੇਖਕਾਂ ਅਤੇ ਪ੍ਰਕਾਸ਼ਨ ਟੀਮਾਂ ਦੇ ਨਾਲ ਨੇੜਿਓਂ ਸਹਿਯੋਗ ਕਰਦੇ ਹੋਏ, ਤਕਨੀਕੀ ਸੰਪਾਦਨ, ਰਚਨਾਤਮਕ ਮਾਰਗਦਰਸ਼ਨ ਅਤੇ ਪ੍ਰੋਜੈਕਟ ਪ੍ਰਬੰਧਨ ਨੂੰ ਜੋੜ ਕੇ ਇੱਕ ਖਰੜੇ ਨੂੰ ਇੱਕ ਖਰੜੇ ਤੋਂ ਇੱਕ ਸ਼ਾਨਦਾਰ, ਪ੍ਰਕਾਸ਼ਿਤ ਕਰਨ ਯੋਗ ਕੰਮ ਵਿੱਚ ਵਿਕਸਿਤ ਕੀਤਾ ਜਾਂਦਾ ਹੈ।

## ਤੂੰ ਵੀ ਕੋਈ ਕਵਿਤਾ ਲਿੱਖ

ਏ ਦੋਸਤ !
ਜੀਅ ਕਰਦਾ ਹੈ
ਤੂੰ ਵੀ ਕੋਈ ਕਵਿਤਾ ਲਿਖ !!

ਮੈਨੂੰ ਪਤਾ ਹੈ
ਤੈਨੂੰ ਕਵਿਤਾ ਲਿਖਣੀ ਆਂਉਦੀ ਹੈ
ਤੂੰ ਲਿਖੇਂਗਾ ਵੀ ਜ਼ਰੂਰ !!

ਮੈਂ ਚਾਹੁੰਦੀ ਹਾਂ
ਤੂੰ ਮੇਰੇ ਮਰਨ ਤੋਂ ਪਹਿਲਾਂ
ਕੋਈ ਕਵਿਤਾ ਲਿਖ !
ਮੈਂ ਨਹੀਂ ਚਾਹੁੰਦੀ ਕਿ
ਮੇਰੇ ਹੁਸਨ ਦੀ ਤਾਰੀਫ਼
ਤੇ ਕਵਿਤਾ ਲਿਖ !!
ਮੇਰੇ ਗੁਣਾਂ ਤੇ ਕਵਿਤਾ ਲਿਖ
ਮੇਰੀ ਦੋਸਤੀ ਤੇ ਮੇਰੀ ਵਫ਼ਾ
ਤੇ ਕਵਿਤਾ ਲਿਖ !!!

ਤੂੰ ਕੋਈ ਕਵਿਤਾ ਤੇ ਲਿਖ
ਚਾਹੇ ਮੇਰੇ ਔਗੁਣਾਂ ਤੇ ਕਵਿਤਾ ਲਿਖ !
ਮੇਰੀਆਂ ਬੁਰਾਈਆਂ ਹੀ ਲਿਖ
ਮੇਰੀਆਂ ਕਮੀਆ ਤੇ ਕਵਿਤਾ ਲਿਖ
ਤੂੰ ਵੀ ਕੋਈ ਕਵਿਤਾ ਤੇ ਲਿਖ !!

ਮੈਨੂੰ ਪਤਾ ਹੈ
ਤੂੰ ਕਵਿਤਾ ਲਿਖੇਂਗਾ ਜ਼ਰੂਰ !
ਜੱਦ ਮੈਂ ਤੈਥੋਂ ਬਹੁਤ ਦੂਰ
ਜਾ ਚੁੱਕੀ ਹੋਵਾਂਗੀ !!
ਜਿੰਨਾ ਮਰਜ਼ੀ ਲੱਭਣ ਦੀ ਕੋਸ਼ਿਸ਼ ਕਰੀਂ
ਚਾਹੇ ਮੇਰੀਆਂ ਤਸਵੀਰਾਂ ਦੇਖੀਂ
ਮੇਰੇ ਮੈਸੇਜ ਦੇਖੀਂ
ਜਿੰਨਾ ਮਰਜ਼ੀ ਪੁਕਾਰੀਂ
ਮੈਂ ਵਾਪਿਸ ਨਹੀਂ ਆਵਾਂਗੀ !!!

ਤੂੰ ਫਿਰ ਕਾਗ਼ਜ਼ ਕਲਮ ਚੁੱਕੇਗਾ
ਦਿਲ ਵਿੱਚ ਤੇਰੇ ਮੇਰੀਆਂ
ਯਾਦਾਂ ਹੋਣਗੀਆਂ
ਅੱਖਾਂ ਵਿੱਚ ਤੇਰੇ ਹੰਝੂ ਹੋਣਗੇ !!
ਕੰਬਦੇ ਹੱਥਾਂ ਵਿੱਚ ਤੂੰ
ਕਲਮ ਪਕੜ ਕੇ ਫਿਰ
ਕਵਿਤਾ ਲਿਖੇਂਗਾ
ਆਪੇ ਹੀ ਲਿਖੇਂਗਾ ਤੇ
ਆਪੇ ਹੀ ਪੜ੍ਹੇਂਗਾ !!!

ਏ ਦੋਸਤ ਉਸ ਦਿਨ
ਤੂੰ ਮੈਨੂੰ ਬਹੁਤ ਯਾਦ ਕਰੇਂਗਾ !
ਕਵਿਤਾ ਪੜ੍ਹੇਂਗਾ ਨਾਲੇ ਰੋਏਂਗਾ
ਪਰ ਮੈਂ ਨਹੀਂ ਹੋਵਾਂਗੀ !!

ਤੂੰ ਸੋਚੇਂਗਾ ਉਹ ਕਹਿੰਦੀ ਸੀ
ਏ ਦੋਸਤ !
ਜੀਅ ਕਰਦਾ ਹੈ !!
ਤੂੰ ਵੀ ਕੋਈ ਕਵਿਤਾ ਲਿਖ
ਤੂੰ ਵੀ ਕੋਈ ਕਵਿਤਾ ਲਿਖ !!!

